# ਦਫ਼ਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ ਵਿਭਾਗ,ਪੰਜਾਬ
# ਸਰਵ ਸਿੱਖਿਆ ਅਭਿਆਨ ਅਥਾਰਟੀ (ਪੰਜਾਬ)

**ਐਸ.ਸੀ.ਓ.ਨੰ:104-106, ਦੂਜੀ ਅਤੇ ਤੀਜੀ ਮੰਜ਼ਿਲ ਸੈਕਟਰ 34-ਏ ਚੰਡੀਗੜ੍ਹ।**

---

ਵੱਲ

1. ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ.)
2. ਸਮੂਹ ਜ਼ਿਲ੍ਹਾ ਸਾਇੰਸ ਸੁਪਰਵਾਈਜਰ
3. ਸਮੂਹ ਸਕੂਲ ਮੁੱਖੀ (ਵੈੱਬ-ਸਾਈਟ ਰਾਹੀਂ)

ਮੀਮੋ ਨੰ:ਸਸਅ/ਐਮਸੀ/2010/37005-37045
ਮਿਤੀ,ਚੰਡੀਗੜ੍ਹ 13 ਮਈ 2010

**ਵਿਸ਼ਾ :- ਰਾਜ ਪੱਧਰੀ ਇੰਸਪਾਇਰ ਐਵਾਰਡ ਪ੍ਰਦਰਸ਼ਨੀ ਸਬੰਧੀ : ਮਿਤੀ 19-05-2010 ਤੋਂ 21-05-2010 ਤੱਕ ਮਾਤਾ ਗੁਜਰੀ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਫਤਿਹਗੜ੍ਹ ਸਾਹਿਬ ਸਬੰਧੀ।**

1.0 ਆਪ ਜੀ ਦੇ ਧਿਆਨ ਵਿੱਚ ਲਿਆਂਦਾ ਜਾ ਰਿਹਾ ਹੈ ਕਿ **ਰਾਜ ਪੱਧਰੀ ਇੰਸਪਾਇਰਐਵਾਰਡ ਪ੍ਰਦਰਸ਼ਨੀ ਮਿਤੀ 19-05-2010 ਤੋਂ 21-05-2010 ਤੱਕ ਮਾਤਾ ਗੁਜਰੀ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਫਤਿਹਗੜ੍ਹ ਸਾਹਿਬ ਵਿਖੇ** ਕਰਵਾਈ ਜਾ ਰਹੀ ਹੈ।

2.0 ਇਸ ਰਾਜ ਪੱਧਰੀ ਇੰਸਪਾਇਰ ਐਵਾਰਡ ਪ੍ਰਦਰਸ਼ਨੀ ਦੇ ਇਨਾਮ ਵੰਡ ਸਮਾਰੋਹ ਦੌਰਾਨ ਮੁੱਖ ਮਹਿਮਾਨ ਮਾਨਯੋਗ ਸਿੱਖਿਆ ਮੰਤਰੀ ਡਾ.ਉਪਿੰਦਰਜੀਤ ਕੌਰ ਜੀ ਹੋਣਗੇ।

3.0 ਇਸ ਵਿਗਿਆਨ ਪ੍ਰਦਰਸ਼ਨੀ ਵਿੱਚ ਮਿਡਲ ਅਤੇ ਹਾਈ ਵਰਗ ਦੇ ਸਾਰੇ ਜ਼ਿਲ੍ਹਿਆਂ ਦੇ 5% ਵਧੀਆ ਮਾਡਲ ਪ੍ਰਦਰਸ਼ਿਤ ਕਰਨ ਵਾਲੇ ਵਿਦਿਆਰਥੀ ਭਾਗ ਲੈਣਗੇ ਅਤੇ ਇਨ੍ਹਾਂ ਵਿਦਿਆਰਥੀਆਂ ਨਾਲ ਇਨ੍ਹਾਂ ਦੇ ਗਾਈਡ ਅਧਿਆਪਕ ਵੀ ਆਉਣਗੇ। **ਪ੍ਰਦਰਸ਼ਨੀਆਂ ਦੀ ਸਮਾਂ ਸਾਰਣੀ ਅਨੁਲਗ 'ੳ' ਤੇ ਹੈ।**

4.0 ਆਪ ਨੂੰ ਲਿਖਿਆ ਜਾਂਦਾ ਹੈ ਕਿ ਆਪਣੇ ਜ਼ਿਲ੍ਹੇ ਦੇ ਜੇਤੂ ਵਿਦਿਆਰਥੀਆਂ ਅਤੇ ਸਬੰਧਤ ਅਧਿਆਪਕਾਂ ਦੀ ਸੂਚਨਾ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ.) ਫਤਿਹਗੜ੍ਹ ਸਹਿਬ ਨੂੰ ਭੇਜੀ ਜਾਵੇ ਅਤੇ ਇਸ ਦੇ ਨਾਲ-ਨਾਲ ਉਹਨਾਂ ਭਾਗ ਲੈਣ ਵਾਲੇ ਵਿਦਿਆਰਥੀਆਂ ਅਤੇ ਅਧਿਆਪਕਾਂ ਨੂੰ ਮਿੱਥੇ ਸ਼ਡਿਊਲ ਅਨੁਸਾਰ ਆਪਣੇ ਮਾਡਲ ਪ੍ਰਦਰਸ਼ਿਤ ਕਰਨ ਲਈ ਸੂਚਿਤ ਕੀਤਾ ਜਾਵੇ।

5.0 ਇਹ ਸਪੱਸ਼ਟ ਕੀਤਾ ਜਾਂਦਾ ਹੈ ਕਿ ਇਨ੍ਹਾਂ ਪ੍ਰਦਰਸ਼ਨੀਆਂ ਵਿੱਚ ਭਾਗ ਲੈਣ ਵਾਲੇ ਸਾਰੇ ਵਿਦਿਆਰਥੀਆਂ ਅਤੇ ਅਧਿਆਪਕਾਂ ਨੂੰ ਸਫ਼ਰ ਭੱਤਾ ਦਿੱਤਾ ਜਾਵੇਗਾ। ਉਹਨਾਂ ਦੀ ਰਿਹਾਇਸ਼ ਅਤੇ ਖਾਣੇ ਦਾ ਪ੍ਰਬੰਧ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ.) ਫਤਿਹਗੜ੍ਹ ਸਾਹਿਬ ਵੱਲੋਂ ਕੀਤਾ ਜਾਵੇਗਾ। ਇਹਨਾਂ ਖਰਚਿਆਂ ਲਈ ਲੋੜੀਂਦੇ ਫੰਡਜ਼ ਸਟੇਟ ਹੈੱਡ ਆਫ਼ਿਸ ਵੱਲੋਂ ਜ਼ਿਲ੍ਹਾ ਸਿੱਖਿਆ ਅਫ਼ਸਰ(ਸੈ.ਸਿ.)ਫਤਿਗਹੜ੍ਹ ਸਾਹਿਬ ਨੂੰ ਮੁਹੱਇਆ ਕਰ ਦਿੱਤੇ ਜਾਣਗੇ।

6.0 ਇਹ ਯਕੀਨੀ ਬਣਾਇਆ ਜਾਵੇ ਕਿ ਹਰ ਯੋਗ ਵਿਦਿਆਰਥੀ ਇਸ ਪ੍ਰਦਰਸ਼ਨੀ ਵਿੱਚ ਭਾਗ ਲਵੇ।

7.0 ਇੱਥੇ ਇਹ ਵੀ ਦੱਸਣਾ ਉਚਿਤ ਹੋਵੇਗਾ ਕਿ ਉਕਤ ਪ੍ਰਦਰਸ਼ਨੀ ਦੀ ਸਮਾਪਤੀ ਉਪਰੰਤ ਰਾਜ ਪੱਧਰੀ ਇੰਸਪਾਇਰ ਐਵਾਰਡ ਸਮਾਰੋਹ ਮਿਤੀ 21-05-2010 ਨੂੰ ਬਾਬਾ ਬੰਦਾ ਸਿੰਘ ਬਹਾਦਰ ਇੰਜੀਨੀਅਰਿੰਗ ਕਾਲਜ ਦੇ ਆਡੀਟੋਰੀਅਮ ਫਤਿਹਗੜ੍ਹ ਸਾਹਿਬ ਵਿਖੇ ਸਵੇਰੇ 11:00 ਵਜੇ ਹੋਵੇਗਾ ਜਿਸ ਵਿੱਚ ਦੋਹਾਂ ਵਰਗਾਂ ਦੇ 10-10 ਜੇਤੂ ਵਿਦਿਆਰਥੀਆਂ ਨੂੰ ਸਨਮਾਨਿਤ ਕੀਤਾ ਜਾਵੇਗਾ । ਇਨ੍ਹਾਂ ਜੇਤੂਆਂ ਵਿੱਚੋਂ ਮਿਡਲ ਵਰਗ ਦੇ ਤਿੰਨ ਟਾਪਰ ਵਿਦਿਆਰਥੀ ਅਤੇ ਹਾਈ ਵਰਗ ਦੇ ਦੋ ਟਾਪਰ ਵਿਦਿਆਰਥੀਆਂ ਦੇ ਨਾਂ ਰਾਸ਼ਟਰੀ ਇਸੰਪਾਇਰ ਐਵਾਰਡ ਪ੍ਰਦਰਸ਼ਨੀ ਲਈ ਨਾਮਜ਼ਦ ਕੀਤੇ ਜਾਣਗੇ।

8.0 ਮਿਤੀ 21-05-2010 ਦੇ ਇਨਾਮ ਵੰਡ ਸਮਾਰੋਹ ਦੌਰਾਨ ਇੰਸਪਾਇਰ ਐਵਾਰਡ ਦੇ ਜੇਤੂਆਂ ਦੇ ਨਾਲ-ਨਾਲ ਉਹਨਾਂ ਵਿਦਿਆਰਥੀਆਂ ਨੂੰ ਵੀ ਸਨਮਾਨਿਤ ਕੀਤਾ ਜਵੇਗਾ ਜਿਹਨਾਂ ਨੇ ਪੰਜਵੀਂ ਮੈਥ, ਅੱਠਵੀਂ ਮੈਥ ਅਤੇ ਅੱਠਵੀਂ ਸਾਇੰਸ ਦੀ ਰਾਜ ਪੱਧਰੀ

ਪ੍ਰਤੀਯੋਗਿਤਾ (ਜੋ ਕਿ ਮਿਤੀ 10-02-10 ਨੂੰ ਹੋਈ ਸੀ) ਵਿੱਚ ਪਹਿਲਾ, ਦੂਜਾ ਅਤੇ ਤੀਸਰਾ ਸਥਾਨ ਹਾਸਿਲ ਕੀਤਾ ਹੈ। ਇਨ੍ਹਾਂ ਵਿਦਿਆਰਥੀਆਂ ਦੀ ਲਿਸਟ ਵੈੱਬ-ਸਾਈਟ **www.ssapunjab.org** ਤੇ ਗਿਣਤੀ ਹੇਠ ਅਨੁਸਾਰ ਸਪੱਸ਼ਟ ਕੀਤੀ ਜਾਂਦੀ ਹੈ।

ਪੰਜਵੀਂ ਮੈਥ = 5 ਵਿਦਿਆਰਥੀ

ਅੱਠਵੀਂ ਮੈਥ = 3 ਵਿਦਿਆਰਥੀ

ਅੱਠਵੀਂ ਸਾਇੰਸ = 3 ਵਿਦਿਆਰਥੀ

ਕੁੱਲ ਵਿਦਿਆਰਥੀ = 11 ਵਿਦਿਆਰਥੀ

9.0 ਉਕਤ ਅਨੁਸਾਰ ਲੋੜੀਂਦੀ ਕਾਰਵਾਈ ਵੇਲੇ ਸਿਰ ਕਰਨਾ ਯਕੀਨੀ ਬਣਾਇਆ ਜਾਵੇ ਜੀ।

**ਨੱਥੀ :-** **ਪ੍ਰਦਰਸ਼ਨੀਆਂ ਦੀ ਸਮਾਂ ਸਾਰਣੀ**

**ਡਾਇਰੈਕਟਰ ਜਨਰਲ ਸਕੂਲ ਸਿੱਖਿਆ**
**ਪੰਜਾਬ,ਚੰਡੀਗੜ੍ਹ**

## ਅਨੁਲਗ 'ੳ'

## ਰਾਜ ਪੱਧਰੀ ਇੰਸਪਾਇਰ ਐਵਾਰਡ ਪ੍ਰਦਰਸ਼ਨੀ 2009-10 ਮਿਤੀ 19-05-2010 ਤੋਂ 21-05-2010 ਤੱਕ

| ਲੜੀ ਨੰ: | ਮਿਤੀ | ਐਕਟੀਵਿਟੀ | ਸਮਾਂ | ਸਥਾਨ |
|---|---|---|---|---|
| 1. | 19-05-2010 | ਰਜਿਸਟ੍ਰੇਸ਼ਨ | ਠੀਕ ਸਵੇਰੇ 8:00 ਵਜੇ ਤੋਂ ਸਵੇਰੇ 10 : 00 ਵਜੇ ਤੱਕ | ਮਾਤਾ ਗੁਜਰੀ ਸ.ਸੀ.ਸੈ. ਸਕੂਲ ਫਤਿਹਗੜ੍ਹ ਸਾਹਿਬ |
| 2. | 19-05-2010 | ਮਾਡਲਾਂ ਦੀ ਇੰਸਟਾਲੇਸ਼ਨ | ਠੀਕ 11:30 ਵਜੇ ਤੱਕ | ਮਾਤਾ ਗੁਜਰੀ ਸ.ਸੀ.ਸੈ. ਸਕੂਲ ਫਤਿਹਗੜ੍ਹ ਸਾਹਿਬ |
| 3. | 19-05-2010 | ਪ੍ਰਦਰਸ਼ਨੀਆਂ ਦਾ ਉਦਘਾਟਨ | 11:45 ਵਜੇ | ਮਾਤਾ ਗੁਜਰੀ ਸ.ਸੀ.ਸੈ. ਸਕੂਲ ਫਤਿਹਗੜ੍ਹ ਸਾਹਿਬ |
| 4. | 19-05-2010 | ਜੱਜਮੈਂਟ (ਦੋਵਾਂ ਵਰਗਾਂ) | 11:45 ਵਜੇ ਤੋਂ 1:00 ਵਜੇ ਤੱਕ | ਮਾਤਾ ਗੁਜਰੀ ਸ.ਸੀ.ਸੈ. ਸਕੂਲ ਫਤਿਹਗੜ੍ਹ ਸਾਹਿਬ |
| 5. | 19-05-2010 | ਦੁਪਹਿਰ ਦਾ ਖਾਣਾ | 1:00 ਵਜੇ 1:30 ਵਜੇ ਤੱਕ | ਮਾਤਾ ਗੁਜਰੀ ਸ.ਸੀ.ਸੈ. ਸਕੂਲ ਫਤਿਹਗੜ੍ਹ ਸਾਹਿਬ |
| 6. | 19-05-2010 | ਜੱਜਮੈਂਟ (ਦੋਵਾਂ ਵਰਗਾਂ) | 1:30 ਵਜੇ 4:30 ਵਜੇ ਤੱਕ | ਮਾਤਾ ਗੁਜਰੀ ਸ.ਸੀ.ਸੈ. ਸਕੂਲ ਫਤਿਹਗੜ੍ਹ ਸਾਹਿਬ |
| 6. | 20-05-2010 | ਜੱਜਮੈਂਟ (ਦੋਵਾਂ ਵਰਗਾਂ) | 9:00 ਵਜੇ 1:00 ਵਜੇ ਤੱਕ | ਮਾਤਾ ਗੁਜਰੀ ਸ.ਸੀ.ਸੈ. ਸਕੂਲ ਫਤਿਹਗੜ੍ਹ ਸਾਹਿਬ |
| 7. | 20-05-2010 | ਦੁਪਿਹਰ ਦਾ ਖਾਣਾ | 1:00 ਵਜੇ ਤੋਂ 1:30 ਵਜੇ ਤੱਕ | ਮਾਤਾ ਗੁਜਰੀ ਸ.ਸੀ.ਸੈ. ਸਕੂਲ ਫਤਿਹਗੜ੍ਹ ਸਾਹਿਬ |
| 8. | 20-05-2010 | ਜੱਜਮੈਂਟ (ਦੋਵਾਂ ਵਰਗਾਂ) | 1:30 ਵਜੇ ਤੋਂ 4:30 ਵਜੇ | ਮਾਤਾ ਗੁਜਰੀ ਸ.ਸੀ.ਸੈ. ਸਕੂਲ ਫਤਿਹਗੜ੍ਹ ਸਾਹਿਬ |
| 9. | 21-05-2010 | ਫਾਈਨਲ ਜੱਜਮੈਂਟ | 8:00 ਤੋਂ 10:30 ਵਜੇ ਤੱਕ | ਮਾਤਾ ਗੁਜਰੀ ਸ.ਸੀ.ਸੈ. ਸਕੂਲ ਫਤਿਹਗੜ੍ਹ ਸਾਹਿਬ |
| 10. | 21-05-2010 | ਇਨਾਮਵੰਡ ਸਮਾਰੋਹ | 11:00 ਤੋਂ 12:30 ਵਜੇ ਤੱਕ | **ਬਾਬਾ ਬੰਦਾ ਸਿੰਘ ਬਹਾਦਰ ਇੰਜੀਨੀਅਰਿੰਗ ਕਾਲਜ ਫਤਿਹਗੜ੍ਹ ਸਾਹਿਬ ਦੇ ਆਡੀਟੋਰੀਅਮ ਵਿੱਚ।** |
| 11. | 21-05-2010 | ਦੁਪਿਹਰ ਦਾ ਖਾਣਾ | 12:30 ਤੋਂ 1:30 ਵਜੇ ਅਤੇ ਟੀ.ਏ. ਬਿਲਾਂ ਦੀ ਅਦਾਇਗੀ । | ਮਾਤਾ ਗੁਜਰੀ ਸ.ਸੀ.ਸੈ. ਸਕੂਲ ਫਤਿਹਗੜ੍ਹ ਸਾਹਿਬ |

ਨੋਟ :- ਵਧੇਰੇ ਜਾਣਕਾਰੀ ਲਈ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ.), ਫਤਿਹਗੜ੍ਹ ਸਾਹਿਬ(ਫੋਨ:94639-98041), ਏ.ਐਸ.ਪੀ.ਡੀ.(ਮੈਥ) ਐਸ.ਐਸ.ਏ.ਪੰਜਾਬ (9888131031) ਅਤੇ ਜ਼ਿਲ੍ਹਾ ਸਾਇੰਸ ਸੁਪਰਵਾਈਜ਼ਰ ਫਤਿਹਗੜ੍ਹ ਸਾਹਿਬ (ਫੋਨ:99157-75810) ਤੇ ਸੰਪਰਕ ਕੀਤਾ ਜਾ ਸਕਦਾ ਹੈ।